**ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੀ ਪ੍ਰਧਾਨਗੀ ਹੇਠ ਮਿਤੀ 14-07-2009 ਨੂੰ 11-00 ਵਜੇ ਉਹਨਾਂ ਦੇ ਦਫਤਰ ਦੇ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਛੇਵੀਂ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਲਿਖੇ ਮੈਬਰ ਹਾਜਰ ਹੋਏ :-

1) ਸ੍ਰੀ ਡੀ ਐਸ ਗੁਰੂ ਆਈ ਏ ਐਸ,
ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

2) ਸ੍ਰੀ ਕਰਨ ਏ ਸਿੰਘ, ਆਈ ਏ ਐਸ,
ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ ।

3) ਸ੍ਰੀ ਅਰੁਣ ਗੋਇਲ, ਆਈ ਏ ਐਸ,
ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ, ਚੰਡੀਗੜ੍ਹ ।

4) ਸ੍ਰੀ ਰਜਿੰਦਰ ਸਰਮਾ,
ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ ।

5) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

ਸਭ ਤੋਂ ਪਹਿਲਾਂ ਮੈਂਬਰਾਂ ਨੇ ਸ੍ਰੀ ਐਸ.ਸੀ.ਅਗਰਵਾਲ, ਮੁੱਖ ਸਕੱਤਰ ਜੋ ਕੀ ਕਾਰਜਕਾਰੀ ਕਮੇਟੀ ਦੇ ਚੇਅਰਮੈਨ ਵੀ ਹਨ, ਦਾ ਅਹੁੱਦਾ ਸੰਭਾਲਣ ਤੇ ਸਵਾਗਤ ਕੀਤਾ । ਇਸ ਉਪਰੰਤ ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

**<u>ਮੱਦ ਨੰਬਰ ਨੰਬਰ 6.01</u>**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 5ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਕਾਰਵਾਈ ਦੀ ਪੁਸਟੀ ਕੀਤੀ ਗਈ ।

**<u>ਮੱਦ ਨੰਬਰ 6.02</u>**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਚੌਥੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਤੇ ਵਿਚਾਰ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਕੀਤੀ ਗਈ ਕਾਰਵਾਈ ਤੇ ਗੋਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ ।

**<u>ਮੱਦ ਨੰਬਰ 6.03</u>**

**ਮਕਾਨ ਨੰਬਰ ਐਲ.ਆਈ.ਜੀ. 2634 ਗ.ਫ. ਸੈਕਟਰ-66, ਮੋਹਾਲੀ ਦੇ ਅਲਾਟੀ ਵਲੋ ਦੇਰੀ ਨਾਲ ਜਮ੍ਹਾਂ ਕਰਵਾਈ ਗਈ 25% ਰਕਮ ਦੀ ਦੇਰੀ ਨੂੰ ਕੰਡੋਨ ਕਰਨ ਨਾਲ ਹੈ ।**

ਤਜਵੀਜ ਪ੍ਰਵਾਨ ਹੈ।

**<u>ਮੱਦ ਨੰਬਰ 6.04</u>**

**ਮੋਹਾਲੀ ਅਰਬਨ ਅਸਟੇਟ ਵਿਚ ਖਾਲੀ ਪਏ ਮਕਾਨਾਂ ਨੂੰ ਡਿਪਟੀ ਕਮਿਸ਼ਨਰ, ਐਸ.ਏ.ਐਸ.ਨਗਰ ਦੇ ਕਰਮਚਾਰੀ ਨੂੰ ਅਲਾਟ ਕਰਨ ਬਾਰੇ ।**

ਤਜਵੀਜ ਪ੍ਰਵਾਨ ਹੈ।

Scanned by CamScanner

**ਮੱਦ ਨੰਬਰ 6.05**

**ਕੋਆਪਰੇਟਿਵ ਸੁਸਾਇਟੀਆਂ ਨੂੰ ਅਲਾਟ ਕੀਤੀ ਜਾਣ ਵਾਲੀ ਭੌਂ ਦੇ ਬੇਸਿਕ ਰੇਟ ਨਿਰਧਾਰਿਤ ਕਰਨ ਬਾਰੇ ।**

ਇਸ ਮੱਦ ਦੇ ਵਿਚਾਰ ਕਰਦੇ ਹੋਏ ਮੈਂਬਰਾਂ ਦੇ ਧਿਆਨ ਵਿਚ ਸੀ ਕਿ ਕੋਆਪਰੇਟਿਵ ਸੁਸਾਇਟੀਆਂ ਦੇ ਪ੍ਰਤੀਨਿਧੀਆਂ ਵੱਲੋਂ ਪ੍ਰਤੀ ਬੇਨਤੀਆਂ ਪ੍ਰਾਪਤ ਹੋਈਆਂ ਹਨ ਕਿ ਉਹਨਾਂ ਨੂੰ ਭੌਂ ਪੁਰਾਣੇ ਰੇਟਾਂ ਤੇ ਅਲਾਟ ਕੀਤੀ ਜਾਵੇ । ਪ੍ਰਤੀ ਬੇਨਤੀਆਂ ਵਿਚ ਉਹਨਾਂ ਵੱਲੋਂ ਇਸ ਗੱਲ੍ਹ ਤੇ ਜੋਰ ਦਿੱਤਾ ਜਾ ਰਿਹਾ ਹੈ ਕਿ ਉਹਨਾਂ ਨੂੰ ਭੌਂ ਅਲਾਟ ਕਰਨ ਸਬੰਧੀ ਐਲ ਓ ਆਈ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਉਹਨਾਂ ਵੱਲੋਂ 10% ਰਕਮ ਜਮ੍ਹਾ ਕਰਵਾਈ ਗਈ ਹੈ । ਉਹਨਾਂ ਵੱਲੋਂ ਸੈਕਟਰ 76 ਤੋਂ 80 ਵਿਖੇ ਰਿਹਾਇਸੀ ਪਲਾਟਾਂ ਦੇ ਬਰਾਬਰ ਮੰਨਦੇ ਹੋਏ ਪੁਰਾਣੇ ਰੇਟਾਂ ਤੇ ਭੌਂ ਦੀ ਅਲਾਟਮੈਂਟ ਦੀ ਮੰਗ ਕੀਤੀ ਜਾ ਰਹੀ ਹੈ । ਪ੍ਰਤੀ ਬੇਨਤੀਆਂ ਵਿਚ ਹਾਊਸਫੈਡ ਅਤੇ ਸੈਂਟਰਲ ਗੋਰਮਿੰਟ ਇੰਪਲਾਈਜ ਵੈਲਫੇਆਰ ਸੋਸਾਇਟੀ ਨੂੰ ਪੁਰਾਣੇ ਰੇਟਾਂ ਤੇ ਜਮੀਨ ਅਲਾਟ ਕਰਨ ਸਬੰਧੀ ਵੀ ਹਵਾਲਾ ਦਿੱਤਾ ਜਾ ਰਿਹਾ ਹੈ ।

ਇਸ ਸਬੰਧ ਵਿਚ ਕਮੇਟੀ ਨੂੰ ਸੂਚਿਤ ਕੀਤਾ ਗਿਆ ਕਿ ਬੇਨਤੀ ਪੱਤਰ ਮੰਗਣ ਲੱਗਿਆ ਸਿਰਫ 10% ਜਮਾਨਤੀ ਰਕਮ ਮੰਗੀ ਗਈ ਸੀ । ਵਿੱਤ ਅਤੇ ਲੇਖਾ ਕਮੇਟੀ ਨੇ ਸਾਲ 2004 ਵਿੱਚ ਇਹਨਾਂ ਸੋਸਾਇਟੀਆਂ ਨੂੰ ਭੌਂ ਅਲਾਟ ਕਰਨ ਦਾ ਸਿਧਾਂਤਕ ਫੈਸਲਾ ਲਿਆ ਸੀ । ਵਿੱਤ ਅਤੇ ਲੇਖਾ ਕਮੇਟੀ ਦੇ ਫੈਸਲੇ ਬਾਰੇ ਸੋਸਾਇਟੀਆਂ ਨੂੰ ਕੇਵਲ ਸੂਚਿਤ ਕੀਤਾ ਗਿਆ ਸੀ ਜਦਕਿ ਐਲ ਓ ਆਈ ਅਜੇ ਜਾਰੀ ਕਰਨੇ ਰਹਿੰਦੇ ਹਨ । ਪਾਲਿਸੀ ਅਨੁਸਾਰ ਭੌਂ ਦਾ ਉਹੀ ਰੇਟ ਵਸੂਲਿਆ ਜਾਂਦਾ ਹੈ ਜੋ ਅਲਾਟਮੈਂਟ ਪੱਤਰ ਜਾਰੀ ਕਰਨ ਵੇਲੇ ਲਾਗੂ ਹੋਵੇ । ਰਿਹਾਇਸੀ ਪਲਾਟਾਂ ਦੇ ਸਬੰਧ ਵਿਚ ਡਰਾਅ ਵਿਚ ਹੋਏ ਸਫਲ ਬਿਨੈਕਾਰਾਂ ਨੂੰ ਐਲ ਓ ਆਈ ਜਾਰੀ ਕਰ ਦਿੱਤਾ ਗਿਆ ਸੀ ਅਤੇ ਉਸ ਉਪਰੰਤ ਐਲ ਓ ਆਈ ਮੁਤਾਬਕ ਉਹਨਾਂ ਕੋਲੋ 25% ਰਕਮ ਵਸੂਲੀ ਜਾ ਚੁੱਕੀ ਹੈ । ਹਾਊਸਫੈਡ ਅਤੇ ਸੈਂਟਰਲ ਗੋਰਮਿੰਟ ਇੰਪਲਾਈਜ ਵੈਲਫੇਆਰ ਸੋਸਾਇਟੀ ਅਰਧ ਸਰਕਾਰੀ ਅਦਾਰੇ ਹਨ । ਇਹਨਾਂ ਕੇਸਾਂ ਵਿਚ ਵੀ ਐਲ ਓ ਆਈ ਜਾਰੀ ਕੀਤਾ ਗਿਆ ਸੀ ਅਤੇ ਐਲ ਓ ਆਈ ਦੀਆਂ ਸਰਤਾਂ ਮੁਤਾਬਕ ਦਿੱਤੇ ਗਏ ਸਮੇ ਵਿਚ ਇਹਨਾਂ ਦੋਨਾਂ ਸੋਸਾਇਟੀਆਂ ਵੱਲੋ ਮੰਗੀ ਗਈ ਰਕਮ ਜਮ੍ਹਾਂ ਕਰਵਾ ਦਿੱਤੀ ਗਈ ਸੀ । ਰਕਮ ਪ੍ਰਾਪਤ ਹੋਣ ਤੇ ਅਲਾਟਮੈਂਟ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ । ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਹੱਥਲਾ ਕੇਸ ਸੈਕਟਰ 76 ਤੋ 80 ਦੇ ਪਲਾਟਾਂ ਦੇ ਅਲਾਟੀਆਂ ਅਤੇ ਉਕਤ ਦਰਸਾਈਆਂ ਦੋ ਅਰਧ ਸਰਕਾਰੀ ਅਦਾਰਿਆਂ ਦੇ ਬਰਾਬਰ ਨਹੀ ਹੈ । ਜਿਸ ਕਰਕੇ ਇਸ ਕੇਸ ਵਿੱਚ ਨਵੇਂ ਰੇਟ ਨਿਰਧਾਰਿਤ ਕੀਤੇ ਜਾਣੇ ਹਨ।

ਭੌਂ ਦੇ ਰੇਟਾਂ ਸਬੰਧੀ ਫੈਸਲਾ ਮੁਲਤਵੀ ਕਰਦੇ ਹੋਏ ਕਾਰਜਕਾਰੀ ਕਮੇਟੀ ਨੇ ਭੌਂ ਪ੍ਰਾਪਤੀ ਦੇ ਨਵੇਂ ਰੇਟਾਂ ਅਨੁਸਾਰ ਅਨੈਲਸਿਜ ਤਿਆਰ ਕਰਕੇ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਮੱਦ ਮੁੜ੍ਹ ਪੇਸ ਕਰਨ ਲਈ ਆਖਿਆ ਗਿਆ ਤਾਂ ਜੋ ਤਰਕਸੰਗਤ ਰੇਟ ਨਿਰਧਾਰਿਤ ਕੀਤੇ ਜਾ ਸਕਣ ।

**ਮੱਦ ਨੰਬਰ 6.06**

**ਰਿਹਾਇਸੀ ਪਲਾਟਾਂ ਦੇ ਰਿਜਰਵ ਰੇਟ ਨਿਰਧਾਰਿਤ ਕਰਨ ਬਾਰੇ ।**

ਭਾਰਤ ਅਤੇ ਦੁਨੀਆਂ ਵਿੱਚ ਆਰਥਿਕ ਮੰਦੀ ਹੋਣ ਕਰਕੇ ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਜਾਇਦਾਦ ਦੀਆਂ ਕੀਮਤਾਂ ਵਿੱਚ ਪਿਛਲੇ ਸਾਲ ਦੋਰਾਨ ਕੋਈ ਖਾਸ ਵਾਧਾ ਨਹੀ ਹੋਇਆ ਹੈ ਜਿਸ ਕਰਕੇ ਰਿਹਾਇਸੀ ਪਲਾਟ ਦੀ ਰਿਜਰਵ ਕੀਮਤ ਵਿੱਚ ਜਿਆਦਾ ਵਾਧਾ ਕਰਨਾ ਉਚਿਤ ਨਹੀ ਹੋਵੇਗਾ । ਉਪਰੋਕਤ ਦੇ ਮੱਦੇ ਨਜਰ ਕਾਰਜਕਾਰੀ ਕਮੇਟੀ ਵੱਲੋ ਰਿਜਰਵ ਕੀਮਤ ਵਿਚ ਸਿਰਫ 20% ਵਾਧਾ ਕਰਨ ਦਾ ਫੈਸਲਾ ਕੀਤਾ ਗਿਆ । ਇਸ ਅਨੁਸਾਰ ਫੈਸਲੇ ਦੀ ਮਿਤੀ ਤੋ ਨਵੇ ਰੇਟ ਹੇਠ ਲਿਖੇ ਅਨੁਸਾਰ ਹੋਣਗੇ :-

| | | |
|---|---|---|
| 1) | 100 ਵਰਗ ਗਜ ਤੱਕ | 6000/- ਰੁਪਏ ਪ੍ਰਤੀ ਵਰਗ ਗਜ |
| 2) | 100 ਵਰਗ ਗਜ ਤੋ ਉਪਰ | 12000/- ਰੁਪਏ ਪ੍ਰਤੀ ਵਰਗ ਗਜ |

**ਮੱਦ ਨੰਬਰ 6.07**

**ਸੈਕਟਰ 57 ਵਿਖੇ ਉਸਾਰੇ ਗਏ 434 ਮਕਾਨਾਂ ਵਿਚਲੀਆਂ ਸੜਕਾਂ ਨੂੰ ਪੇਵਰ ਲਗਾਕੇ ਉਸਾਰਣ ਬਾਰੇ ।**

ਮੱਦ ਪ੍ਰਵਾਨ ਹੈ।

Scanned by CamScanner

**<u>ਮੱਦ ਨੰਬਰ 6.08</u>**

**ਪੰਜਾਬ ਇੰਸਟੀਚਿਊਟ ਆਫ ਕੋ-ਅਪਰੇਟਿਵ ਟ੍ਰੇਨਿੰਗ ਲਿਮ: ਚੰਡੀਗੜ੍ਹ ਦੀ ਬਿਲਡਿੰਗ ਦੀ ਉਸਾਰੀ ਲਈ ਨਕਸ਼ਾ ਦਾਖਲ ਕਰਾਉਣ ਦੀ ਮਿਤੀ 30-6-2009 ਤੋਂ 31-12-2009 ਤੱਕ ਵਧਾਉਣ ਅਤੇ ਐਕਸਟੈਨਸ਼ਨ ਫੀਸ/ਕੰਪਰੋਮਾਈਜ ਫੀਸ ਦੀ ਮੁਆਫੀ ਬਾਰੇ ।**

ਪੰਜਾਬ ਇੰਸਟੀਚਿਊਟ ਆਫ ਕੋ-ਅਪਰੇਟਿਵ ਟ੍ਰੇਨਿੰਗ ਲਿਮ: ਚੰਡੀਗੜ੍ਹ ਦੇ ਪੱਤਰ ਮਿਤੀ 11-6-2009 ਅਨੁਸਾਰ ਕੀਤੀ ਗਈ ਪ੍ਰਤੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਗਿਆ ਅਤੇ ਮਿਤੀ 31-12-2011 ਤੱਕ ਨਾਨ ਉਸਾਰੀ ਫੀਸ ਨਾ ਵਸੂਲਣ ਦਾ ਫੈਸਲਾ ਕੀਤਾ ਗਿਆ । ਇਹ ਫੈਸਲਾ ਦੂਸਰੇ ਹੋਰ ਅਜਿਹੇ ਕੇਸਾਂ ਤੇ ਲਾਗੂ ਨਹੀ ਹੋਵੇਗਾ ।

**<u>ਮੱਦ ਨੰਬਰ 6.09</u>**

**ਰਿਜਨਲ ਸਪਾਈਨਲ ਇੰਜਰੀਜ ਸੈਂਟਰ ਮੋਹਾਲੀ ਵਿਰੁੱਧ ਲੈਣ ਯੋਗ ਪਨੈਲਿਟੀ ਮੁਆਫ ਕਰਨ ਬਾਰੇ ।**

ਮੱਦ ਵਿਚ ਸਾਰੇ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਹੇਠ ਲਿਖੀਆਂ ਅਦਾਇਗੀਆਂ ਮਾਫ ਕਰਨ ਦਾ ਫੈਸਲਾ ਲਿਆ ਗਿਆ:-

| | |
|---|---|
| ਬਿਨ੍ਹਾਂ ਨਕਸ਼ਾ ਪਾਸ ਕਰਵਾਏ ਉਸਾਰੀ ਕਰਨ ਕਰਕੇ ਕੰਪਾਊਡਿੰਗ ਫੀਸ | 14,39,184/- |
| ਡੀ ਪੀ ਸੀ ਅਤੇ ਰੂਫ ਲੈਵਲ ਸਰਟੀਫੀਕੇਟ ਨਾਂ ਲੈਣ ਸਦਕਾ ਕੰਪਾਊਡਿੰਗ ਫੀਸ | 24,000/- |
| ਕੁਲ ਜੋੜ | <u>14,63,184/-</u> |

ਜਿੱਥੋ ਤੱਕ ਬਿਲਡਿੰਗ ਪਲੈਨ ਪ੍ਰਵਾਨ ਕਰਨ ਲਈ ਰਿਫੰਡਏਬਲ ਸਿਕਿਊਰਟੀ ਫੀਸ ਜਮ੍ਹਾ ਕਰਵਾਉਣ ਦਾ ਸਬੰਧ ਹੈ, ਉਸਨੂੰ ਇਸ ਸਟੇਜ ਤੇ ਜਮ੍ਹਾ ਕਰਵਾਉਣ ਦੀ ਉਚਿਤਤਾ ਨਹੀ ਹੈ ਕਿਉਕਿ ਉਸਾਰੀ ਹੋ ਚੁੱਕੀ ਹੈ। ਰਿਜਨਲ ਸਪਾਈਨਲ ਇੰਜਰੀਜ ਸੈਂਟਰ ਮੋਹਾਲੀ ਵੱਲੋ ਬਿਲਡਿੰਗ ਪਲੈਨ ਸਕ੍ਰੂਟਨੀ ਫੀਸ ਦੀ ਬਣਦੀ ਰਕਮ 2,02,247/- ਰੁਪਏ ਅਤੇ ਬਣਦੀ ਲੀਜ ਮਨੀ ਸਮੇਤ ਦੰਡ ਵਿਆਜ ਦੀ ਅਦਾਇਗੀ ਕਰਨ ਯੋਗ ਹੋਵੇਗੀ । ਇਹ ਫੈਸਲਾ ਦੂਸਰੇ ਹੋਰ ਅਜਿਹੇ ਕੇਸਾਂ ਤੇ ਲਾਗੂ ਨਹੀ ਹੋਵੇਗਾ ।

**<u>ਮੱਦ ਨੰਬਰ 6.10</u>**

**ਨੈਸ਼ਨਲ ਐਜੂਕੇਸ਼ਨਲ ਸੁਸਾਇਟੀ(ਰਜਿ:) ਨੂੰ ਸ਼ਹਿਰੀ ਮਿਲਖ ਮੋਹਾਲੀ ਦੇ ਸੈਕਟਰ-53 ਵਿਖੇ ਪ੍ਰਾਇਮਰੀ ਸਕੂਲ ਲਈ ਅਲਾਟ ਕੀਤੀ ਭੋਂ ਸਬੰਧੀ ।**

ਨੈਸ਼ਨਲ ਐਜੂਕੇਸ਼ਨਲ ਸੁਸਾਇਟੀ(ਰਜਿ:) ਨੂੰ ਸ਼ਹਿਰੀ ਮਿਲਖ ਮੋਹਾਲੀ ਸੈਕਟਰ-53 ਵਿਖੇ ਪ੍ਰਾਇਮਰੀ ਸਕੂਲ ਦੀ ਸਾਈਟ ਬਹਾਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ । ਇਸਦੇ ਨਾਲ ਹੀ ਕਮੇਟੀ ਵੱਲੋਂ ਦਿੱਤੀ ਗਈ ਰਿਪੋਰਟ ਨਾਲ ਸਹਿਮਤੀ ਪ੍ਰਗਟਾਂਦੇ ਹੋਏ ਇਸ ਸਕੂਲ ਨੂੰ ਸੈਕਟਰ 76-80 ਵਿਖੇ ਬਦਲਵੀ ਥਾਂ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ । ਸੈਕਟਰ 53 ਵਿਖੇ ਸਕੂਲ ਦੀ ਪਹਿਲਾਂ ਵਾਲੀ ਥਾਂ ਦਾ ਅੱਗੇ ਵਾਸਤੇ ਲੈਂਡ ਯੂਜ ਆਰ ਪੀ ਡੀ ਕਮੇਟੀ ਵੱਲੋ ਨਿਰਧਾਰਤ ਕੀਤਾ ਜਾਵੇਗਾ ਜੋ ਇਸ ਲਈ ਸਮਰੱਥ ਹੈ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੀ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਮੁੱਖ ਸਕੱਤਰ-ਕਮ-ਚੇਅਰਮੈਨ,
ਕਾਰਜਕਾਰੀ ਕਮੇਟੀ, ਗਮਾਡਾ

Scanned by CamScanner